Y-12|2110 [illegible]. ਸਮੈਸਟਰ-3 10544|NL

ਪੇਪਰ: ਪੰਜਾਬੀ ਲਾਜ਼ਮੀ (ਮੁੱਢਲਾ ਗਿਆਨ) -307

ਸਮਾਂ : 3 ਘੰਟੇ

ਕੁੱਲ ਅੰਕ: 75

1. ਹੇਠ ਲਿਖੀਆਂ ਵਿਚੋਂ ਕਿਸੇ ਦੋ ਕਵਿਤਾਵਾਂ ਦਾ ਸਾਰ ਆਪਣੇ ਸ਼ਬਦਾਂ ਵਿਚ ਲਿਖੋ:
   (ੳ) ਇਸ਼ਕ ਦੀ ਨਵੀਉਂ ਨਵੀਂ ਬਹਾਰ : ਬੁੱਲ੍ਹੇ ਸ਼ਾਹ
   (ਅ) ਮੇਲੇ ਵਿਚ ਜੱਟ : ਧਨੀ ਰਾਮ ਚਾਤ੍ਰਿਕ
   (ੲ) ਜੰਗਨਾਮਾ : ਸ਼ਾਹ ਮੁਹੰਮਦ
   (ਸ) ਗ਼ਜ਼ਲ : ਸੁਰਜੀਤ ਪਾਤਰ
   (ਹ) ਅਸੀਂ ਲੜਾਂਗੇ ਸਾਥੀ : ਅਵਤਾਰ ਸਿੰਘ ਪਾਸ਼ (2X5=10)

2. ਹੇਠ ਲਿਖਿਆਂ ਵਿਚੋਂ ਕਿਸੇ ਇਕ ਕਾਵਿ ਟੁਕੜੇ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ:

   (ੳ) ਹਾਣੀਆਂ ਦੀ ਢਾਹਣੀ ਵਿਚ ਲਾੜਾ ਸੱਜਦਾ,
   ਬੱਘ ਬੱਘ ਬੱਘ ਬੋਲ ਸ਼ੇਰ ਗੱਜਦਾ।
   ਹੀਰੇ ਨੂੰ ਅਰਕ ਨਾਲ ਹੁੱਜਾਂ ਮਾਰਦਾ,
   ਸੈਨਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ।
   ਚੰਗੀ ਜਿਹੀ ਸੱਦ ਲਾਦੇ ਬੱਲੇ ਬੇਲੀਆ,
   ਤੂੰਬਾ ਜਰਾ ਖੋਹਲ ਖਾਂ ਜੁਆਨ ਤੇਲੀਆ।

   (ਅ) ਮਹਿਕ ਦੇ ਮਹਿੰਦੀ ਭਰੇ ਹੱਥਾਂ ਦੀ ਇਕ ਵੀ ਰੇਖਾ ਚੋਂ
   ਰੰਗ ਜੇ ਮੇਰੀ ਮੁਹੱਬਤ ਦਾ ਦਿਸੇ ਤਾਂ ਖਤ ਲਿਖੀਂ।
   ਜ਼ਿੰਦਗੀ ਦੇ ਹਰ ਪੜਾ, ਹਰ ਮੋੜ ਤੇ, ਹਰ ਪੈਰ ਤੇ
   ਜਦ ਉਦਾਸੀ ਵਿਚ ਕਦੇ ਵੀ, ਦਿਲ ਧੁਖੇ ਤਾਂ ਖਤ ਲਿਖੀਂ

   (ੲ) ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
   ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
   ਹੱਥਾਂ ਤੇ ਪਏ ਰੱਟਣਾਂ ਦੀ ਕਸਮ ਖਾ ਕੇ
   ਅਸੀਂ ਲੜਾਂਗੇ ਸਾਥੀ (5)

3. ਹੇਠ ਲਿਖਿਆਂ ਵਿਚੋਂ ਕਿਸੇ 10 ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ:
   ਬਮਾਰ, ਦਫਤਰ, ਅਸਤਫਾ, ਪੁਲਸ, ਦੁਦ, ਕਰਸੀ, ਜੇਭ, ਮੇਹਰ, ਕਰਣ, ਸਿੰਗ, ਮੇਹਨਤ, ਤਾਂਗ, ਸਵਰਣ, ਸਬ, ਗੋਬੀ, (10)

4. ਹੇਠ ਲਿਖੇ ਵਾਕਾਂ ਨੂੰ ਵਿਸ਼ਰਾਮ ਚਿੰਨ੍ਹ ਲਗਾ ਕੇ ਸ਼ੁੱਧ ਕਰਕੇ ਲਿਖੋ:
   i. ਉਹ ਚੰਡੀਗੜ੍ਹ ਗਿਆ ਹੈ
   ii. ਕੀ ਤੂੰ ਕੱਲ ਬਠਿੰਡੇ ਜਾਵੇਂਗਾ
   iii. ਅੱਛਾ ਉਹ ਦਿੱਲੀ ਚਲਾ ਗਿਆ
   iv. ਬੱਲੇ ਬੱਲੇ ਅਸੀਂ ਪਹੁੰਚ ਗਏ
   v. ਹੈਂ ਇਹ ਕੀ ਹੋ ਗਿਆ (10)

Contd—

10544/H2

5. ਹੇਠ ਲਿਖਿਆਂ ਵਿਚੋਂ ਕਿਸੇ ਇਕ ਵਿਸ਼ੇ 'ਤੇ ਪੈਰ੍ਹਾ ਰਚਨਾ ਕਰੋ:
   (ੳ) ਸ਼ੋਸਲ ਮੀਡੀਆ
   (ਅ) ਅਜੋਕਾ ਵਿਦਿਆਰਥੀ ਜੀਵਨ
   (ੲ) ਅਧਿਆਪਕ-ਵਿਦਿਆਰਥੀ ਰਿਸ਼ਤਾ

6. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ:
   i. 'ਪੰਜਾਬੀ ਦੀ ਪਾਠ ਪੁਸਤਕ' ਦੇ ਸੰਪਾਦਕ ਦਾ ਨਾਮ ਲਿਖੋ।
   ii. ਗੁਰੂ ਨਾਨਕ ਦੇਵ ਜੀ ਦੀ ਕਿਸੇ ਇਕ ਲੰਮੀ ਬਾਣੀ ਦਾ ਨਾਮ ਦੱਸੋ।
   iii. ਬੁੱਲੇ ਸ਼ਾਹ ਕਿਸ ਕਾਵਿ-ਧਾਰਾ ਦਾ ਕਵੀ ਹੈ?
   iv. 'ਤਾਜ ਮਹੱਲ' ਕਵਿਤਾ ਦੇ ਕਵੀ ਦਾ ਨਾਮ ਦੱਸੋ।
   v. ਵੰਝਲੀ ਕਿਸ ਨੂੰ ਆਖਦੇ ਹਨ?
   vi. ਸ਼ਾਹ ਮੁਹੰਮਦ ਦਾ ਜੰਗਨਾਮਾ ਕਿਸ ਛੰਦ ਵਿਚ ਲਿਖਿਆ ਹੋਇਆ ਹੈ?
   vii. ਵੈਰੀਨਾਗ ਚਸ਼ਮਾ ਕਿੱਥੇ ਹੈ?
   viii. ਧਨੀ ਰਾਮ ਚਾਤ੍ਰਿਕ ਦੀਆਂ ਦੋ ਪੁਸਤਕਾਂ ਦੇ ਨਾਮ ਲਿਖੋ।
   ix. ਪੂਰਨ ਸਿੰਘ ਪੜ੍ਹਨਾ ਛੱਡ ਕੇ ਕੀ ਕਰਨਾ ਚਾਹੁੰਦਾ ਸੀ?
   x. ਜੱਟ ਮੇਲਾ ਵੇਖਣ ਕਦੋਂ ਆਉਂਦਾ ਹੈ?
   xi. ਅਰਕ ਕਿਸ ਨੂੰ ਕਹਿੰਦੇ ਹਨ?
   xii. ਅਹਿਰਨ ਕੀ ਹੁੰਦਾ ਹੈ?
   xiii. ਬੁੱਲੇ ਸ਼ਾਹ ਦੇ ਮੁਰਸ਼ਦ ਦਾ ਕੀ ਨਾਮ ਸੀ?
   xiv. ਹੀਰ ਵਾਰਿਸ ਸ਼ਾਹ ਕਿਸ ਛੰਦ ਵਿਚ ਰਚੀ ਹੋਈ ਹੈ?
   xv. ਸ਼ਾਹ ਮੁਹੰਮਦ ਆਪਣੇ ਜੰਗਨਾਮੇ ਵਿਚ ਸਰਕਾਰ ਕਿਸ ਨੂੰ ਆਖਦਾ ਹੈ? (15X2=30)

**Please continue on another ordinary white foolscap paper sheet, if necessary.**